ਪੰਜਾਬ ਸਰਕਾਰ
ਰਾਸ਼ਟਰੀ ਸਿਹਤ ਮਿਸ਼ਨ

ਸਿਹਤ ਤੇ ਪਰਿਵਾਰ ਭਲਾਈ ਵਿਭਾਗ

ਪੰਜਵੀਂ ਮੰਜਿਲ, ਪਰਿਆਸ ਬਿਲਡਿੰਗ, ਦੱਖਣ ਮਾਰਗ, ਸੈਕਟਰ 38-ਬੀ ਚੰਡੀਗੜ, 160036
**Phone.** 0172-4012011, 4012012, **Fax:** 0172-4012013

ਨੰ. ਰ.ਸ.ਮ./ਪੰ./21/ਐਮ.ਐਚ.ਆਰ/70186 ਮਿਤੀ-21/6/2021

**ਹੁਕਮ**

ਰਾਸ਼ਟਰੀ ਸਿਹਤ ਮਿਸ਼ਨ ਪੰਜਾਬ ਅਧੀਨ ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀਜ਼-1 ਸ਼ਾਖਾ) ਪੰਜਾਬ ਸਰਕਾਰ ਵੱਲੋਂ ਪੱਤਰ ਨੰ 9/56/2020-5PP1/33 ਮਿਤੀ 12.01.2021 ਰਾਂਹੀ ਪੰਜਾਬ ਸਰਕਾਰ ਅਧੀਨ ਠੇਕੇ ਦੇ ਆਧਾਰ ਤੇ ਕੰਮ ਕਰ ਰਹੇ ਵੱਖ-2 ਕੈਟੇਗਿਰੀ ਦੇ ਕਰਮਚਾਰੀਆਂ ਨੂੰ ਸਿੱਧੀ ਭਰਤੀ ਦੀਆਂ ਅਸਾਮੀਆਂ ਲਈ ਅਰਜ਼ੀ ਦੇਣ ਲਈ ਉਪਰਲੀ ਉਮਰ ਹੱਦ ਵਿਚ ਛੋਟ ਦੇਣ ਬਾਰੇ ਜਾਰੀ ਹਦਾਇਤਾਂ ਲਾਗੂ ਕੀਤੀਆਂ ਜਾਂਦੀਆਂ ਹਨ।ਇਸ ਸਬੰਧੀ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1. ਸਟੇਟ ਪੱਧਰ ਤੇ ਤੈਨਾਤ ਕਰਮਚਾਰੀਆਂ ਨੂੰ ਸਿੱਧੀ ਭਰਤੀ ਦੀਆਂ ਅਸਾਮੀਆਂ ਲਈ ਅਰਜ਼ੀ ਦੇਣ ਲਈ ਉਪਰਲੀ ਉਮਰ ਹੱਦ ਵਿਚ ਛੋਟ ਦੇਣ ਲਈ ਨਿਯਮਾਂ ਅਨੁਸਾਰ ਸਰਟੀਫਿਕੇਟ ਜਾਰੀ ਕਰਨ ਲਈ ਡਾਇਰੈਕਟਰ ਐਨ.ਐਚ.ਐਮ. ਪੰਜਾਬ ਸਮਰੱਥ ਅਧਿਕਾਰੀ ਹੋਣਗੇ।
2. ਜਿਲ੍ਹਾਂ ਪੱਧਰ ਤੇ ਤੈਨਾਤ ਕਰਮਚਾਰੀਆਂ ਨੂੰ ਸਿੱਧੀ ਭਰਤੀ ਦੀਆਂ ਅਸਾਮੀਆਂ ਲਈ ਅਰਜ਼ੀ ਦੇਣ ਲਈ ਉਪਰਲੀ ਉਮਰ ਹੱਦ ਵਿਚ ਛੋਟ ਦੇਣ ਲਈ ਨਿਯਮਾਂ ਅਨੁਸਾਰ ਸਰਟੀਫਿਕੇਟ ਜਾਰੀ ਕਰਨ ਲਈ ਸਬੰਧਤ ਸਿਵਲ ਸਰਜਨ ਸਮਰੱਥ ਅਧਿਕਾਰੀ ਹੋਣਗੇ।

ਇਸ ਸਬੰਧੀ ਕਰਮਚਾਰੀਆਂ ਨੂੰ ਤਹਿ ਪ੍ਰਫੋਰਮੇ ਵਿਚ ਸਰਟੀਫਿਕੇਟ ਜਾਰੀ ਕਰਨ ਸਮੇਂ ਪ੍ਰਸੋਨਲ ਵਿਭਾਗ ( ਪ੍ਰਸੋਨਲ ਪਾਲਿਸੀਜ਼-1 ਸ਼ਾਖਾ) ਪੰਜਾਬ ਸਰਕਾਰ ਦੇ ਪੱਤਰ ਨੰ 9/56/2020-5PP1/33 ਮਿਤੀ 12.01.2021 ਅਨੁਸਾਰ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਇਨਾਂ ਹਦਾਇਤਾਂ ਤਹਿਤ ਉਪਰਲੀ ਉਪਰ ਸੀਮਾ ਵਿਚ ਛੋਟ ਦਾ ਲਾਭ ਪ੍ਰਾਪਤ ਕਰਨ ਵਾਲੇ ਉਮੀਦਵਾਰ ਮਿਤੀ 31.12.2021 ਤੱਕ ਜਾਰੀ ਹੋਣ ਵਾਲੇ ਵੱਖ-2 ਇਸ਼ਤਿਹਾਰਾਂ ਲਈ ਹੀ ਅਰਜ਼ੀ ਦੇ ਸਕਣਗੇ।

**ਇਹ ਹੁਕਮ ਤੁਰੰਤ ਲਾਗੂ ਹੋਣਗੇ।**

**ਕੁਮਾਰ ਰਾਹੁਲ, ਆਈ.ਏ.ਐਸ**
**ਮਿਸ਼ਨ ਡਾਇਰੈਕਟਰ ਐਨ.ਐਚ.ਐਮ.ਪੰਜਾਬ।**

ਪਿੱਠ ਅੰਕਣ ਨੰ. ਰ.ਸ.ਮ./ਪੰ./21/ਐਮ.ਐਚ.ਆਰ/70187-70193 ਮਿਤੀ-21/6/2021

ਉਪਰੋਕਤ ਦਾ ਉਤਾਰਾ:-

1. ਨਿੱਜੀ ਸਹਾਇਕ, ਐਮ.ਡੀ. ਐਨ.ਐਚ.ਐਮ. ਨੂੰ ਮਾਣਯੋਗ ਮਿਸ਼ਨ ਡਾਇਰੈਕਟਰ ਜੀ ਦੀ ਜਾਣਕਾਰੀ ਹਿੱਤ।
2. ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ।
3. ਡਾਇਰੈਕਟਰ ਪਰਿਵਾਰ ਭਲਾਈ ਪੰਜਾਬ।
4. ਡਾਇਰੈਕਟਰ ਪੀ.ਐਚ.ਐਸ.ਸੀ. ਮੋਹਾਲੀ।
5. ਡਾਇਰੈਟਕਰ ਆਯੁਰਵੈਦਾ ਪੰਜਾਬ ਅਤੇ ਮੁੱਖੀ ਹੋਮਿਓਪੈਥੀ ਵਿਭਾਗ ਪੰਜਾਬ ਨੂੰ ਜਾਣਕਾਰੀ ਅਤੇ ਕਾਰਵਾਈ ਹਿੱਤ।
6. ਸਮੂਹ ਸਿਵਲ ਸਰਜਨ ਪੰਜਾਬ ਨੂੰ ਜਾਣਕਾਰੀ ਅਤੇ ਕਾਰਵਾਈ ਹਿੱਤ।
7. ਸਮੂਹ ਪ੍ਰੋਗਰਾਮ ਅਫਸਰ ਐਨ.ਐਚ.ਐਮ. ਪੰਜਾਬ

**ਡਾਇਰੈਕਟਰ**
**ਐਨ.ਐਚ.ਐਮ. ਪੰਜਾਬ।**